# ਡਾਇਰੈਕਟਰ ਜਨਰਲ ਸਕੂਲ ਐਜੂਕੇਸ਼ਨ-ਕਮ-ਸਟੇਟ ਪ੍ਰਾਜੈਕਟ ਡਾਇਰੈਕਟਰ
## ਸਰਵ ਸਿੱਖਿਆ ਅਭਿਆਨ ਅਥਾਰਟੀ (ਪੰਜਾਬ)

ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਈ ਬਲਾਕ, ਪੰਜਵੀਂ ਮੰਜਿਲ, ਫੇਜ਼-8, ਅਜੀਤਗੜ੍ਹ।

ਵੱਲ,

ਡਾਇਰੈਕਟਰ ਜਨਰਲ, ਪੁਸ਼ਪਾ ਗੁਜਰਾਲ ਸਾਇੰਸ ਸਿਟੀ, ਕਪੂਰਥਲਾ,
ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.),(ਨੋਟਿਸ ਬੋਰਡ ਰਾਹੀਂ)
ਸਮੂਹ ਜ਼ਿਲ੍ਹਾ ਸਾਇੰਸ ਸੁਪਰਵਾਈਜ਼ਰ,
ਸਮੂਹ ਸਕੂਲ ਮੁੱਖੀ (ਵੈੱਬ-ਸਾਈਟ ਰਾਹੀਂ),
ਪੰਜਾਬ।

ਮੀਮੋ ਨੰ : ਸਸਅ/ਐਮਸੀ/2014-5964
ਮਿਤੀ : 29-10-2014

**ਵਿਸ਼ਾ :-** **ਪੰਜਾਬ ਰਾਜ ਦੇ ਸਾਰੇ ਸਰਕਾਰੀ ਸਕੂਲਾਂ ਵਿੱਚ ਛੇਵੀਂ ਤੋਂ ਅੱਠਵੀਂ ਜਮਾਤ ਵਿੱਚ ਪੜ੍ਹਦੇ ਵਿਦਿਆਰਥੀਆਂ ਦਾ ਮੈਥ ਅਤੇ ਸਾਇੰਸ ਵਿਸ਼ੇ ਦਾ ਕੁਇਜ਼ ਕੰਪੀਟੀਸ਼ਨ ਕਰਵਾਉਣ ਸਬੰਧੀ।**

1.0 ਉਪਰੋਕਤ ਵਿਸ਼ੇ ਸਬੰਧੀ ਆਪ ਜੀ ਨੂੰ ਲਿਖਿਆ ਜਾਂਦਾ ਹੈ ਕਿ ਰਾਜ ਭਰ ਦੇ ਸਾਰੇ ਸਰਕਾਰੀ ਸਕੂਲਾਂ ਵਿੱਚ ਛੇਵੀਂ ਤੋਂ ਅੱਠਵੀਂ ਜਮਾਤ ਦੇ ਵਿਦਿਆਰਥੀਆਂ ਦਾ ਕੁਇਜ਼ ਮੁਕਾਬਲਾ ਗਣਿਤ ਅਤੇ ਸਾਇੰਸ ਵਿਸ਼ਿਆਂ ਨਾਲ ਸਬੰਧਤ ਹੋਵੇਗਾ। ਪਰੰਤੂ ਇਸ ਦਾ ਮੂਲ ਆਧਾਰ Drug de-addiction, traffic rules, moral values ਅਤੇ Altruism ਹੋਵੇਗਾ। ਸਮੁੱਚੇ ਪ੍ਰਸ਼ਨ ਇਹਨਾਂ ਚਾਰ ਮੁੱਦਿਆਂ ਨੂੰ ਸਨਮੁੱਖ ਰੱਖਦੇ ਹੋਏ ਤਿਆਰ ਕੀਤੇ ਜਾਣੇ ਹਨ।ਇਸ ਕੁਇਜ਼ ਕੰਪੀਟੀਸ਼ਨ ਦੇ 4 ਰਾਊਂਡ ਹੋਣਗੇ।ਇੱਕ ਟੀਮ ਵਿੱਚ ਤਿੰਨ ਵਿਦਿਆਰਥੀ (ਇੱਕ ਛੇਵੀਂ, ਇੱਕ ਸਤੱਵੀਂ ਅਤੇ ਇੱਕ ਅਠੱਵੀ ਜਮਾਤ ਦਾ) ਭਾਗ ਲੈਣਗੇ।

2.0 ਕੁਇਜ਼ ਕੰਪੀਟੀਸ਼ਨ ਦਾ ਐਕਸ਼ਨ ਪਲਾਨ ਹੇਠ ਲਿਖੇ ਅਨੁਸਾਰ ਹੈ।
ਇਹ ਕੰਪੀਟੀਸ਼ਨ ਤਿੰਨ ਪੜਾਵਾਂ ਵਿੱਚ ਕਰਵਾਇਆ ਜਾਵੇਗਾ:

| | | |
|---|---|---|
| 1 | ਬਲਾਕ ਪੱਧਰ | 10.11.2014 |
| 2 | ਜ਼ਿਲ੍ਹਾ ਪੱਧਰ | 18.11.2014 |
| 3 | ਰਾਜ ਪੱਧਰ | 25.11.2014 |

**3.0 ਪਹਿਲਾ ਪੜਾਅ (ਬਲਾਕ ਪੱਧਰ):-** ਇਸ ਪੜਾਅ ਵਿੱਚ ਹਰੇਕ ਬਲਾਕ ਵਿੱਚ ਪੈਂਦੇ ਹਰੇਕ ਸਕੂਲ ਵਿੱਚੋਂ ਛੇਵੀਂ, ਸੱਤਵੀਂ ਅਤੇ ਅੱਠਵੀਂ ਜਮਾਤਾਂ ਦਾ ਇੱਕ ਇੱਕ ਵਿਦਿਆਰਥੀ ਲਿਆ ਜਾਵੇਗਾ। ਹਰੇਕ ਸਕੂਲ ਵਿੱਚੋਂ ਕੁੱਲ ਤਿੰਨ ਵਿਦਿਆਰਥੀ ਹਿੱਸਾ ਲੈਣਗੇ। ਇਨ੍ਹਾਂ ਵਿਦਿਆਰਥੀਆਂ ਦੀ ਚੋਣ, ਸਕੂਲ ਮੁੱਖੀਆ ਅਤੇ ਵਿਸ਼ਾ ਅਧਿਆਪਕਾਂ ਦੁਆਰਾ ਹੋਵੇਗੀ। ਬਲਾਕ ਪੱਧਰੀ ਕੁਇਜ਼ ਮੁਕਾਬਲੇ ਡੀ.ਐਸ.ਐਸ. ਦੀ ਦੇਖ-ਰੇਖ ਵਿੱਚ ਹੋਵੇਗਾ। ਇਸ ਬਲਾਕ ਪੱਧਰ ਤੇ ਕੁਇਜ਼ ਕੰਪੀਟੀਸ਼ਨ ਵਿੱਚੋਂ ਪਹਿਲੇ, ਦੂਜੇ ਅਤੇ ਤੀਜੇ ਸਥਾਨ ਤੇ ਆਉਣ ਵਾਲੇ ਵਿਦਿਆਰਥੀਆਂ ਨੂੰ ਬਲਾਕ ਪੱਧਰ ਤੇ ਹੇਠ ਲਿਖੇ ਅਨੁਸਾਰ ਨਕਦ ਇਨਾਮ ਦਿੱਤਾ ਜਾਵੇਗਾ :-

| ਲੜੀ ਨੰ. | ਸਥਾਨ | ਰਾਸ਼ੀ | ਪ੍ਰਬੰਧਕੀ ਖਰਚਾ |
|---|---|---|---|
| 1 | ਪਹਿਲਾ ਸਥਾਨ | 1800/- | 1000/- ਪ੍ਰਤੀ ਬਲਾਕ |
| 2 | ਦੂਜਾ ਸਥਾਨ | 1200/- | |
| 3 | ਤੀਜਾ ਸਥਾਨ | 600/- | |

ਬਾਕੀ ਪੰਨਾ 2

4.0 **ਜ਼ਿਲ੍ਹਾ ਪੱਧਰ ਦਾ ਕੁਇਜ ਕੰਪੀਟੀਸ਼ਨ** :- ਬਲਾਕ ਪੱਧਰ ਦੀ ਜੇਤੂ ਟੀਮ, ਜ਼ਿਲ੍ਹਾ ਪੱਧਰ ਦੇ ਮੁਕਾਬਲੇ ਵਿੱਚ ਹਿੱਸਾ ਲਏਗੀ। ਜ਼ਿਲ੍ਹਾ ਪੱਧਰੀ ਕੁਇਜ਼ ਡੀ.ਐਸ.ਐਸ. ਦੀ ਦੇਖ-ਰੇਖ ਵਿੱਚ ਹੋਣਗੇ। ਜ਼ਿਲ੍ਹਾ ਪੱਧਰ ਤੇ ਹੇਠ ਲਿਖੇ ਅਨੁਸਾਰ ਨਕਮ ਇਨਾਮ ਦਿੱਤਾ ਜਾਵੇਗਾ:-

| ਲੜੀ ਨੰ. | ਸਥਾਨ | ਰਾਸ਼ੀ A | ਪ੍ਰਬੰਧਕੀ ਖਰਚਾ B |
|---|---|---|---|
| 1 | ਪਹਿਲਾ ਸਥਾਨ | 2400/- | 3500/- ਪ੍ਰਤੀ ਜ਼ਿਲ੍ਹਾ |
| 2 | ਦੂਜਾ ਸਥਾਨ | 1800/- | |
| 3 | ਤੀਜਾ ਸਥਾਨ | 1200/- | |
| ਇਨਾਮਾਂ ਦਾ ਖਰਚਾ | | 5400/- | |

5.0 **ਰਾਜ ਪੱਧਰ ਦਾ ਕੁਇਜ਼ ਕੰਪੀਟੀਸ਼ਨ** :-ਰਾਜ ਪੱਧਰੀ ਕੁਇਜ਼ ਮੁਕਾਬਲਾ ਪੁਸ਼ਪਾ ਗੁਜਰਾਲ ਸਾਇੰਸ ਸਿਟੀ, ਕਪੂਰਥਲਾ ਵਿਖੇ ਕਰਵਾਇਆ ਜਾਵੇਗਾ। ਇਸ ਦਾ ਖਰਚਾ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.), ਕਪੂਰਥਲਾ ਰਾਹੀਂ ਕੀਤਾ ਜਾਵੇਗਾ। ਇਸ ਕੁਇਜ਼ ਦਾ ਸੰਚਾਲਨ ਡੀ.ਐਸ.ਐਸ. ਜਲੰਧਰ ਦੁਆਰਾ ਡੀ.ਐਸ.ਐਸ. ਕਪੂਰਥਲਾ ਦੇ ਸਹਿਯੋਗ ਨਾਲ ਕੀਤਾ ਜਾਵੇਗਾ। ਰਾਜ ਪੱਧਰ ਦੇ ਕੁਇਜ਼ ਦਾ ਪ੍ਰਸ਼ਨ ਪੱਤਰ ਹੈਡ ਆਫਿਸ ਦੀ ਮਦਦ ਦੇ ਨਾਲ ਡੀ.ਐਸ.ਐਸ. ਜਲੰਧਰ ਵੱਲੋਂ ਤਿਆਰ ਕਰਵਾਇਆ ਜਾਵੇਗਾ ਅਤੇ ਕੁਇਜ਼ ਦੇ ਸੰਚਾਲਨ ਲਈ ਪ੍ਰੋਜੈਕਟਰ ਦਾ ਪ੍ਰਬੰਧ ਵੀ ਡੀ.ਐਸ.ਐਸ. ਜਲੰਧਰ ਵੱਲੋਂ ਕੀਤਾ ਜਾਵੇਗਾ।

ਜ਼ਿਲ੍ਹਾ ਪੱਧਰ ਤੇ ਜੇਤੂ (ਤਿੰਨ ਮੈਂਬਰੀ) ਟੀਮ ਰਾਜ ਪੱਧਰੀ ਮੁਕਾਬਲੇ ਵਿੱਚ ਭਾਗ ਲਵੇਗੀ। ਰਾਜ ਪੱਧਰ ਦੇ ਜੇਤੂ ਵਿਦਿਆਰਥੀਆਂ ਨੂੰ ਹੇਠ ਲਿਖੇ ਅਨੁਸਾਰ ਨਕਦ ਇਨਾਮ ਵੱਜੋਂ ਦਿੱਤਾ ਜਾਵੇਗਾ ਹੈ:-

| **ਲੜੀ ਨੰ.** | **ਸਥਾਨ** | **ਰਾਸ਼ੀ** |
|---|---|---|
| 1 | ਪਹਿਲਾ ਸਥਾਨ | 5100/- |
| 2 | ਦੂਜਾ ਸਥਾਨ | 3100/- |
| 3 | ਤੀਜਾ ਸਥਾਨ | 2100/- |
| | | 2100/- |
| ਇਨਾਮਾਂ ਦਾ ਕੁੱਲ ਖਰਚਾ | | 12400/- |

ਸੰਕੇਤ—

**ਡਾਇਰੈਕਟਰ ਜਨਰਲ ਸਕੂਲ ਸਿੱਖਿਆ**
**ਪੰਜਾਬ**